# ਕੈਨੇਡਾ ਵਿੱਚ ਪੀੜਤਾਂ ਦੇ ਅਧਿਕਾਰ

## ਅਦਾਲਤੀ ਕੇਸਾਂ ਲਈ ਪ੍ਰਕਾਸ਼ਨ 'ਤੇ ਪਾਬੰਦੀਆਂ

### ਪ੍ਰਕਾਸ਼ਨ 'ਤੇ ਪਾਬੰਦੀ ਕੀ ਹੈ?

ਪ੍ਰਕਾਸ਼ਨ 'ਤੇ ਪਾਬੰਦੀ ਅਦਾਲਤ ਦੁਆਰਾ ਦਿੱਤਾ ਗਿਆ ਆਦੇਸ਼ ਹੈ ਜੋ ਕਿਸੇ ਵੀ ਵਿਅਕਤੀ ਨੂੰ ਅਜਿਹੀ ਕੋਈ ਵੀ ਜਾਣਕਾਰੀ ਪ੍ਰਕਾਸ਼ਿਤ ਕਰਨ, ਪ੍ਰਸਾਰਿਤ ਕਰਨ, ਜਾਂ ਸੰਚਾਰਿਤ ਕਰਨ (ਜਿਵੇਂ ਕਿ ਸੋਸ਼ਲ ਮੀਡੀਆ 'ਤੇ ਸਾਂਝਾ ਕਰਨਾ) ਤੋਂ ਰੋਕਦਾ ਹੈ ਜੋ ਕਿਸੇ ਪੀੜਤ, ਗਵਾਹ, ਜਾਂ ਕਿਸੇ ਹੋਰ ਵਿਅਕਤੀ ਦੀ ਪਛਾਣ ਕਰ ਸਕਦੀ ਹੈ ਜੋ ਆਦੇਸ਼ ਦਾ ਵਿਸ਼ਾ ਹੈ। ਪ੍ਰਕਾਸ਼ਨ 'ਤੇ ਪਾਬੰਦੀਆਂ ਨੂੰ ਨਿਯੰਤ੍ਰਿਤ ਕਰਨ ਵਾਲੇ ਬਹੁਤ ਸਾਰੇ ਨਿਯਮ *ਕ੍ਰਿਮੀਨਲ ਕੋਡ* ਵਿੱਚ ਨਿਰਧਾਰਤ ਕੀਤੇ ਗਏ ਹਨ।

ਪ੍ਰਕਾਸ਼ਨ 'ਤੇ ਪਾਬੰਦੀਆਂ ਪੀੜਤਾਂ ਅਤੇ ਗਵਾਹਾਂ, ਅਤੇ ਹੋਰਾਂ ਨੂੰ ਜਨਤਕ ਤੌਰ 'ਤੇ ਪਛਾਣ ਕੀਤੇ ਜਾਣ ਦੇ ਨਕਾਰਾਤਮਕ ਨਤੀਜਿਆਂ ਦਾ ਸ਼ਿਕਾਰ ਹੋਏ ਬਿਨਾਂ ਅਪਰਾਧਿਕ ਨਿਆਂ ਪ੍ਰਣਾਲੀ ਵਿੱਚ ਹਿੱਸਾ ਲੈਣ ਦੇ ਯੋਗ ਬਣਾਉਂਦੀਆਂ ਹਨ। ਕੁਝ ਸਥਿਤੀਆਂ ਵਿੱਚ, ਪ੍ਰਕਾਸ਼ਨ 'ਤੇ ਪਾਬੰਦੀਆਂ ਦਾ ਆਦੇਸ਼ ਅਜਿਹੀ ਜਾਣਕਾਰੀ ਦੇ ਖੁਲਾਸੇ ਨੂੰ ਰੋਕਣ ਲਈ ਦਿੱਤਾ ਜਾ ਸਕਦਾ ਹੈ ਜੋ ਕਿਸੇ ਜੂਰਰ (juror), ਸਰਕਾਰੀ ਵਕੀਲ ਜਾਂ ਜੱਜ ਦੀ ਪਛਾਣ ਕਰ ਸਕਦੀ ਹੈ। ਸੰਗਠਿਤ ਅਪਰਾਧ, ਅੱਤਵਾਦ, ਜਾਂ ਰਾਸ਼ਟਰੀ ਸੁਰੱਖਿਆ ਨਾਲ ਸਬੰਧਤ ਕੇਸਾਂ ਵਿੱਚ ਵੀ ਪ੍ਰਕਾਸ਼ਨ 'ਤੇ ਪਾਬੰਦੀਆਂ ਲਗਾਈਆਂ ਜਾ ਸਕਦੀਆਂ ਹਨ।

ਪ੍ਰਕਾਸ਼ਨ 'ਤੇ ਪਾਬੰਦੀ ਦੀ ਲੰਬਾਈ ਕੇਸ ਤੋਂ ਕੇਸ ਦੇ ਆਧਾਰ 'ਤੇ ਵੱਖਰੀ ਹੋਵੇਗੀ। ਕੁਝ ਉਦੋਂ ਤੱਕ ਪ੍ਰਭਾਵੀ ਹੁੰਦੀਆਂ ਹਨ ਜਦੋਂ ਤੱਕ ਉਹਨਾਂ ਨੂੰ ਹਟਾਇਆ ਨਹੀਂ ਜਾਂਦਾ ਅਤੇ ਕੁਝ ਸਿਰਫ਼ ਇੱਕ ਨਿਸ਼ਚਿਤ ਸਮੇਂ ਲਈ ਪ੍ਰਭਾਵੀ ਹੁੰਦੀਆਂ ਹਨ।

ਪ੍ਰਕਾਸ਼ਨ 'ਤੇ ਪਾਬੰਦੀਆਂ ਦਾ ਉਦੇਸ਼ ਹੁੰਦਾ ਹੈ:

- ਜਿਨਸੀ ਅਪਰਾਧਾਂ ਦੇ ਪੀੜਤਾਂ ਨੂੰ ਆਪਣੀ ਪਛਾਣ ਦੀ ਰੱਖਿਆ ਕਰਕੇ ਘੱਟ ਰਿਪੋਰਟ ਕੀਤੇ ਗਏ ਅਪਰਾਧਾਂ ਦੀ ਰਿਪੋਰਟ ਕਰਨ ਲਈ ਉਤਸ਼ਾਹਿਤ ਕਰਨਾ
- ਜੂਰਰ (juror) ਦੀ ਪਛਾਣ ਦੀ ਰੱਖਿਆ ਕਰਨਾ
- ਪੀੜਤਾਂ ਅਤੇ ਸੰਵੇਦਨਸ਼ੀਲ ਗਵਾਹਾਂ ਦੀ ਰੱਖਿਆ ਕਰਨਾ
- ਕਿਸੇ ਜੁਰਮ ਲਈ ਦੋਸ਼ ਲਗਾਏ ਗਏ ਨੌਜਵਾਨ ਦਾ ਨਾਮ ਪ੍ਰਕਾਸ਼ਿਤ ਹੋਣ ਤੋਂ ਰੋਕਣਾ
- ਗਵਾਹੀ ਦੇਣ ਤੋਂ ਡਰਨ ਵਾਲੇ ਪੀੜਤਾਂ ਅਤੇ ਗਵਾਹਾਂ ਨੂੰ ਭਰੋਸਾ ਦਿਵਾਉਣਾ
- ਨਿਰਪੱਖ ਮੁਕੱਦਮੇ ਨੂੰ ਯਕੀਨੀ ਬਣਾਉਣਾ
- ਨਿਆਂ ਪ੍ਰਣਾਲੀ ਦੇ ਭਾਗੀਦਾਰਾਂ ਦੀ ਗੋਪਨੀਯਤਾ ਦੀ ਰੱਖਿਆ ਕਰਨਾ

### ਪ੍ਰਕਾਸ਼ਨ 'ਤੇ ਪਾਬੰਦੀ ਦਾ ਆਦੇਸ਼ ਦਿੱਤੇ ਜਾਣ ਤੋਂ ਬਾਅਦ ਕੀ ਹੁੰਦਾ ਹੈ?

ਪ੍ਰਕਾਸ਼ਨ 'ਤੇ ਪਾਬੰਦੀ ਲਾਗੂ ਹੋਣ ਤੋਂ ਬਾਅਦ, ਕੋਈ ਵੀ ਅਜਿਹੀ ਜਾਣਕਾਰੀ ਜੋ ਪ੍ਰਕਾਸ਼ਨ 'ਤੇ ਪਾਬੰਦੀ ਦੁਆਰਾ ਸੁਰੱਖਿਅਤ ਵਿਅਕਤੀ ਦੀ ਪਛਾਣ ਕਰ ਸਕਦੀ ਹੈ, ਕਿਸੇ ਵੀ ਦਸਤਾਵੇਜ਼ ਵਿੱਚ ਪ੍ਰਕਾਸ਼ਿਤ ਨਹੀਂ ਕੀਤੀ ਜਾ ਸਕਦੀ, ਪ੍ਰਸਾਰਿਤ ਨਹੀਂ ਕੀਤੀ ਜਾ ਸਕਦੀ, ਜਾਂ ਕਿਸੇ ਵੀ ਤਰੀਕੇ ਨਾਲ ਸੰਚਾਰਿਤ ਨਹੀਂ ਕੀਤੀ ਜਾ ਸਕਦੀ। ਜਾਣਕਾਰੀ ਜਿਸ ਨਾਲ ਵਿਅਕਤੀ ਦੀ ਪਛਾਣ ਹੋ ਸਕਦੀ ਹੈ, ਉਸ ਵਿੱਚ ਪੀੜਤ ਦਾ ਨਾਮ, ਵੇਰਵੇ ਜਿਵੇਂ ਕਿ ਅਪਰਾਧ ਕਿੱਥੇ ਹੋਇਆ ਸੀ, ਪੀੜਤ ਅਤੇ ਦੋਸ਼ੀ/ਅਪਰਾਧੀ ਵਿਚਕਾਰ ਸਬੰਧ, ਜਾਂ ਦੋਸ਼ੀ/ਅਪਰਾਧੀ ਦਾ ਨਾਮ ਸ਼ਾਮਲ ਹੋ ਸਕਦਾ ਹੈ।

ਪ੍ਰਕਾਸ਼ਨ 'ਤੇ ਪਾਬੰਦੀ ਦੀਆਂ ਸ਼ਰਤਾਂ ਹਰ ਕਿਸੇ 'ਤੇ ਲਾਗੂ ਹੁੰਦੀਆਂ ਹਨ, ਉਹਨਾਂ ਲੋਕਾਂ ਸਮੇਤ ਜਿਨ੍ਹਾਂ ਦੀ ਪਛਾਣ ਪ੍ਰਕਾਸ਼ਨ 'ਤੇ ਪਾਬੰਦੀ ਦੁਆਰਾ ਸੁਰੱਖਿਅਤ ਹੈ। ਇਸਦਾ ਮਤਲਬ ਇਹ ਹੈ ਕਿ, ਕੁਝ ਅਪਵਾਦਾਂ ਦੇ ਨਾਲ, ਉਹ ਵਿਅਕਤੀ ਜਿਸਦੀ ਪਛਾਣ ਜਾਂ ਜਾਣਕਾਰੀ ਪ੍ਰਕਾਸ਼ਨ 'ਤੇ ਪਾਬੰਦੀ ਦੁਆਰਾ ਸੁਰੱਖਿਅਤ ਹੈ, ਵੀ ਕਿਸੇ ਵੀ ਅਜਿਹੀ ਜਾਣਕਾਰੀ ਨੂੰ ਕਿਸੇ ਦਸਤਾਵੇਜ਼ ਵਿੱਚ ਪ੍ਰਕਾਸ਼ਿਤ ਨਹੀਂ ਕਰ ਸਕਦਾ ਜਾਂ ਉਸਦਾ ਪ੍ਰਸਾਰਣ ਨਹੀਂ ਕਰ ਸਕਦਾ ਜਾਂ ਉਸ ਨੂੰ ਸੰਚਾਰਿਤ ਨਹੀਂ ਕਰ ਸਕਦਾ ਹੈ ਜੋ ਅਪਰਾਧ ਦੇ ਸਬੰਧ ਵਿੱਚ ਉਹਨਾਂ ਦੀ ਪਛਾਣ ਕਰਦੀ ਹੈ।

ਜਾਣਕਾਰੀ ਦਾ ਅਧਿਕਾਰ | ਸੁਰੱਖਿਆ ਦਾ ਅਧਿਕਾਰ | ਭਾਗੀਦਾਰੀ ਦਾ ਅਧਿਕਾਰ | ਮੁਆਵਜ਼ਾ ਮੰਗਣ ਦਾ ਅਧਿਕਾਰ | ਸ਼ਿਕਾਇਤ ਕਰਨ ਦਾ ਅਧਿਕਾਰ

*ਕ੍ਰਿਮੀਨਲ* ਕੋਡ ਵਿੱਚ ਉਸ ਸਮੇਂ ਲਈ ਕੁਝ ਅਪਵਾਦ ਹਨ ਜਦੋਂ ਪ੍ਰਕਾਸ਼ਨ 'ਤੇ ਪਾਬੰਦੀ ਦੁਆਰਾ ਸੁਰੱਖਿਅਤ ਵਿਅਕਤੀ ਨੂੰ ਕੁਝ ਖਾਸ ਜਾਣਕਾਰੀ ਬਾਰੇ ਗੱਲ ਕਰਨ ਦੀ ਇਜਾਜ਼ਤ ਦਿੱਤੀ ਜਾਵੇਗੀ। ਉਦਾਹਰਨ ਲਈ, ਜਿਨਸੀ ਅਪਰਾਧ ਦੇ ਸ਼ਿਕਾਰ ਵਿਅਕਤੀ ਦੀ ਪਛਾਣ ਦੀ ਰੱਖਿਆ ਲਈ ਪ੍ਰਕਾਸ਼ਨ 'ਤੇ ਪਾਬੰਦੀਆਂ ਇਹਨਾਂ 'ਤੇ ਲਾਗੂ ਨਹੀਂ ਹੁੰਦੀਆਂ:

- ਉਹ ਵਿਅਕਤੀ ਜੋ ਪ੍ਰਕਾਸ਼ਨ 'ਤੇ ਪਾਬੰਦੀ ਦਾ ਵਿਸ਼ਾ ਹੈ ਜੋ ਕਿਸੇ ਵੀ ਫੋਰਮ ਵਿੱਚ ਅਤੇ ਕਿਸੇ ਵੀ ਉਦੇਸ਼ ਲਈ ਆਪਣੇ ਬਾਰੇ ਜਾਣਕਾਰੀ ਦਾ ਖੁਲਾਸਾ ਕਰਦਾ ਹੈ, ਜਦੋਂ ਤੱਕ ਉਹ ਕਿਸੇ ਹੋਰ ਵਿਅਕਤੀ ਦੀ ਪਛਾਣ ਦਾ ਖੁਲਾਸਾ ਨਹੀਂ ਕਰਦਾ ਜੋ ਪ੍ਰਕਾਸ਼ਨ 'ਤੇ ਪਾਬੰਦੀ ਦਾ ਵਿਸ਼ਾ ਹੈ
- ਉਹ ਵਿਅਕਤੀ ਜੋ ਪ੍ਰਕਾਸ਼ਨ 'ਤੇ ਪਾਬੰਦੀ ਦਾ ਵਿਸ਼ਾ ਹੈ ਜੇਕਰ ਉਹ ਕਿਸੇ ਸਿਹਤ ਸੰਭਾਲ ਪੇਸ਼ੇਵਰ, ਸਹਾਇਤਾ ਸਮੂਹ, ਕਾਉਂਸਲਰ, ਕਾਨੂੰਨੀ ਪੇਸ਼ੇਵਰ, ਜਾਂ ਉਹਨਾਂ ਨਾਲ ਭਰੋਸੇ ਦੇ ਰਿਸ਼ਤੇ ਵਾਲੇ ਕਿਸੇ ਵਿਅਕਤੀ ਨੂੰ ਜਾਣਕਾਰੀ ਦਾ ਖੁਲਾਸਾ ਕਰਦਾ ਹੈ (ਉਦਾਹਰਨ ਲਈ, ਕੋਈ ਨਜ਼ਦੀਕੀ ਦੋਸਤ ਜਾਂ ਪਰਿਵਾਰਕ ਮੈਂਬਰ)

# ਪ੍ਰਕਾਸ਼ਨ 'ਤੇ ਪਾਬੰਦੀ ਦਾ ਆਦੇਸ਼ ਦਿੱਤੇ ਜਾਣ ਦੀ ਪ੍ਰਕਿਰਿਆ

ਪ੍ਰਕਾਸ਼ਨ 'ਤੇ ਪਾਬੰਦੀਆਂ ਲਈ, ਇਸ ਗੱਲ 'ਤੇ ਨਿਰਭਰ ਕਰਦੇ ਹੋਏ ਕਿ ਉਹ ਕਿਸ ਦੀ ਰੱਖਿਆ ਕਰਨਾ ਚਾਹੁੰਦੀਆਂ ਹਨ, ਦੋ ਮੁੱਖ ਪ੍ਰਕਿਰਿਆਵਾਂ ਹਨ। ਇੱਕ ਕਿਸਮ **ਲਾਜ਼ਮੀ** ਹੈ, ਮਤਲਬ ਕਿ ਜੇਕਰ ਇਹ ਬੇਨਤੀ ਕੀਤੀ ਜਾਂਦੀ ਹੈ ਤਾਂ ਇਸ ਲਈ ਆਦੇਸ਼ ਦਿੱਤਾ ਜਾਣਾ ਚਾਹੀਦਾ ਹੈ, ਅਤੇ ਦੂਜੀ **ਅਖਤਿਆਰੀ** ਹੈ, ਮਤਲਬ ਕਿ ਇੱਕ ਜੱਜ ਨੂੰ ਇਹ ਫੈਸਲਾ ਕਰਨ ਦੀ ਲੋੜ ਹੋਵੇਗੀ ਕਿ ਪ੍ਰਕਾਸ਼ਨ 'ਤੇ ਪਾਬੰਦੀ ਸਭ ਤੋਂ ਵਧੀਆ ਹਿੱਤ ਵਿੱਚ ਹੈ ਜਾਂ ਨਹੀਂ।

## ਲਾਜ਼ਮੀ ਪਾਬੰਦੀਆਂ

ਜੇਕਰ ਬੇਨਤੀ ਕੀਤੀ ਜਾਂਦੀ ਹੈ, ਤਾਂ ਇਸ ਲਈ ਆਦੇਸ਼ ਦਿੱਤਾ ਜਾਣਾ ਲਾਜ਼ਮੀ ਹੈ।

ਇਹ ਪਾਬੰਦੀਆਂ ਇਹਨਾਂ 'ਤੇ ਲਾਗੂ ਹੁੰਦੀਆਂ ਹਨ:

- ਜਿਨਸੀ ਅਪਰਾਧਾਂ ਦੇ ਸ਼ਿਕਾਰ
- ਜਿਨਸੀ ਅਪਰਾਧਾਂ ਦੇ ਗਵਾਹ ਜੋ 18 ਸਾਲ ਤੋਂ ਘੱਟ ਉਮਰ ਦੇ ਹਨ
- ਸਾਰੇ ਪੀੜਤ ਜੋ 18 ਸਾਲ ਤੋਂ ਘੱਟ ਉਮਰ ਦੇ ਹਨ (ਅਪਰਾਧ ਦੀ ਪਰਵਾਹ ਕੀਤੇ ਬਿਨਾਂ)

ਸਾਰੇ ਕੇਸਾਂ ਵਿੱਚ, ਪੀੜਤਾਂ ਅਤੇ ਗਵਾਹਾਂ ਨੂੰ ਸਰਕਾਰੀ ਵਕੀਲ ਦੁਆਰਾ ਸੂਚਿਤ ਕੀਤਾ ਜਾਣਾ ਲਾਜ਼ਮੀ ਹੈ ਕਿ ਉਹਨਾਂ ਨੂੰ ਆਦੇਸ਼ ਨੂੰ ਰੱਦ ਕਰਨ ਜਾਂ ਸੋਧਣ ਦੀ ਬੇਨਤੀ ਕਰਨ ਦਾ ਅਧਿਕਾਰ ਹੈ।

### ਪ੍ਰਕਿਰਿਆ

ਅਦਾਲਤ ਵਿੱਚ ਅਰਜ਼ੀ ਦਿੱਤੀ ਜਾਂਦੀ ਹੈ।

- ਜੇਕਰ ਪੀੜਤ ਜਾਂ ਗਵਾਹ ਅਦਾਲਤ **ਵਿੱਚ ਮੌਜੂਦ ਹੈ।**
  - ਜੱਜ ਜਾਂ ਜਸਟਿਸ ਪੁੱਛੇਗਾ ਕਿ ਕੀ ਪੀੜਤ ਜਾਂ ਗਵਾਹ ਪ੍ਰਕਾਸ਼ਨ 'ਤੇ ਪਾਬੰਦੀ ਚਾਹੁੰਦਾ ਹੈ।
    - ਜੇਕਰ ਅਜਿਹਾ ਹੈ, ਤਾਂ ਪਾਬੰਦੀ ਦਾ ਆਦੇਸ਼ ਦਿੱਤਾ ਜਾਂਦਾ ਹੈ।
    - ਜੇਕਰ ਨਹੀਂ, ਤਾਂ ਪਾਬੰਦੀ ਦਾ ਆਦੇਸ਼ ਨਹੀਂ ਦਿੱਤਾ ਜਾਂਦਾ ਹੈ (ਜਦੋਂ ਤੱਕ ਕਿ ਅਸਾਧਾਰਨ ਹਾਲਾਤ, ਜਿਵੇਂ ਕਿ ਦੂਜੇ ਪੀੜਤਾਂ ਦੀ ਪਛਾਣ ਦੀ ਰੱਖਿਆ ਕਰਨਾ ਨਾ ਹੋਣ)।
- ਜੇਕਰ ਪੀੜਤ ਜਾਂ ਗਵਾਹ ਅਦਾਲਤ ਵਿੱਚ **ਹਾਜ਼ਰ ਨਹੀਂ ਹੈ।**
  - ਸਰਕਾਰੀ ਵਕੀਲ ਜਿੰਨੀ ਜਲਦੀ ਸੰਭਵ ਹੋਵੇ, ਪੀੜਤ ਜਾਂ ਗਵਾਹ ਨੂੰ ਪੁੱਛਦਾ ਹੈ ਕਿ ਕੀ ਉਹ ਪ੍ਰਕਾਸ਼ਨ 'ਤੇ ਪਾਬੰਦੀ ਚਾਹੁੰਦੇ ਹਨ।
    - ਜੇਕਰ ਅਜਿਹਾ ਹੈ, ਤਾਂ ਪਾਬੰਦੀ ਨੂੰ ਬਰਕਰਾਰ ਰੱਖਿਆ ਜਾਂਦਾ ਹੈ।
    - ਜੇਕਰ ਨਹੀਂ, ਤਾਂ ਪਾਬੰਦੀ ਨੂੰ ਰੱਦ ਕੀਤਾ ਜਾ ਸਕਦਾ ਹੈ (ਜਦੋਂ ਤੱਕ ਕਿ ਅਸਾਧਾਰਨ ਹਾਲਾਤ, ਜਿਵੇਂ ਕਿ ਦੂਜੇ ਪੀੜਤਾਂ ਦੀ ਪਛਾਣ ਦੀ ਰੱਖਿਆ ਕਰਨਾ ਨਾ ਹੋਣ)।

## ਅਖਤਿਆਰੀ ਪਾਬੰਦੀਆਂ

ਪ੍ਰਕਾਸ਼ਨ ‘ਤੇ ਪਾਬੰਦੀ ਲਗਵਾਉਣਾ ਚਾਹੁਣ ਵਾਲੇ ਕੋਈ ਵੀ ਵਿਅਕਤੀ, ਇਸ ਦੀ ਮੰਗ ਕਰ ਸਕਦਾ ਹੈ। ਜੇਕਰ ਬੇਨਤੀ ਕੀਤੀ ਜਾਂਦੀ ਹੈ, ਤਾਂ ਜੱਜ ਜਾਂ ਜਸਟਿਸ ਫੈਸਲਾ ਕਰੇਗਾ ਕਿ ਕੀ ਪ੍ਰਕਾਸ਼ਨ ‘ਤੇ ਪਾਬੰਦੀ ਸਭ ਤੋਂ ਵਧੀਆ ਹਿੱਤ ਵਿੱਚ ਹੈ।

ਇਹ ਪਾਬੰਦੀਆਂ ਇਹਨਾਂ ‘ਤੇ ਲਾਗੂ ਹੁੰਦੀਆਂ ਹਨ:

- 18 ਸਾਲ ਤੋਂ ਵੱਧ ਉਮਰ ਦਾ ਕੋਈ ਵੀ ਪੀੜਤ
- ਕੋਈ ਵੀ ਪੀੜਤ ਜਾਂ ਗਵਾਹ ਜੋ ਲਾਜ਼ਮੀ ਪਾਬੰਦੀ ਦੇ ਅਧੀਨ ਨਹੀਂ ਆਉਂਦਾ
- ਕੁਝ ਕੇਸਾਂ ਵਿੱਚ, ਨਿਆਂ ਪ੍ਰਣਾਲੀ ਦੇ ਭਾਗੀਦਾਰ (ਜਿਵੇਂ ਕਿ ਜੂਰਰ, ਜੱਜ, ਸਰਕਾਰੀ ਵਕੀਲ)

ਸਾਰੇ ਕੇਸਾਂ ਵਿੱਚ, ਪੀੜਤਾਂ ਅਤੇ ਗਵਾਹਾਂ ਨੂੰ ਸਰਕਾਰੀ ਵਕੀਲ ਦੁਆਰਾ ਸੂਚਿਤ ਕੀਤਾ ਜਾਣਾ ਲਾਜ਼ਮੀ ਹੈ ਕਿ ਉਹਨਾਂ ਨੂੰ ਆਦੇਸ਼ ਨੂੰ ਰੱਦ ਕਰਨ ਜਾਂ ਸੋਧਣ ਦੀ ਬੇਨਤੀ ਕਰਨ ਦਾ ਅਧਿਕਾਰ ਹੈ।

## ਪ੍ਰਕਿਰਿਆ

ਅਦਾਲਤ ਵਿੱਚ ਅਰਜ਼ੀ ਦਿੱਤੀ ਜਾਂਦੀ ਹੈ।

- ਜੇਕਰ ਪੀੜਤ ਜਾਂ ਗਵਾਹ ਅਦਾਲਤ **ਵਿੱਚ ਮੌਜੂਦ ਹੈ।** → ਜੱਜ ਜਾਂ ਜਸਟਿਸ ਪੁੱਛੇਗਾ ਕਿ ਕੀ ਬਿਨੈਕਾਰ ਪ੍ਰਕਾਸ਼ਨ ‘ਤੇ ਪਾਬੰਦੀ ਚਾਹੁੰਦਾ ਹੈ।
- ਜੇਕਰ ਪੀੜਤ ਜਾਂ ਗਵਾਹ ਅਦਾਲਤ **ਵਿੱਚ ਹਾਜ਼ਰ ਨਹੀਂ ਹੈ।** → ਸਰਕਾਰੀ ਵਕੀਲ ਜਿੰਨੀ ਜਲਦੀ ਸੰਭਵ ਹੋਵੇ, ਬਿਨੈਕਾਰ ਨੂੰ ਪੁੱਛਦਾ ਹੈ ਕਿ ਕੀ ਉਹ ਪ੍ਰਕਾਸ਼ਨ ‘ਤੇ ਪਾਬੰਦੀ ਚਾਹੁੰਦੇ ਹਨ।

→ ਸੁਣਵਾਈ ਹੋ ਸਕਦੀ ਹੈ।

→ ਜੱਜ ਜਾਂ ਜਸਟਿਸ ਕੁਝ ਕਾਰਕਾਂ ਦੇ ਆਧਾਰ ‘ਤੇ ਫੈਸਲਾ ਕਰੇਗਾ।

- ਜੇਕਰ ਬਿਨੈਕਾਰ ਪ੍ਰਕਾਸ਼ਨ ‘ਤੇ ਪਾਬੰਦੀ ਚਾਹੁੰਦਾ ਹੈ ਅਤੇ ਜੱਜ ਜਾਂ ਜਸਟਿਸ ਪ੍ਰਕਾਸ਼ਨ ‘ਤੇ ਪਾਬੰਦੀ ਲਗਾਉਣ ਦਾ ਆਦੇਸ਼ ਦੇਣ ਦਾ ਫੈਸਲਾ ਕਰਦਾ ਹੈ, ਤਾਂ ਪ੍ਰਭਾਵਿਤ ਲੋਕਾਂ ਨੂੰ ਸੂਚਿਤ ਕੀਤਾ ਜਾਂਦਾ ਹੈ।
- ਜੇਕਰ ਬਿਨੈਕਾਰ ਪ੍ਰਕਾਸ਼ਨ ‘ਤੇ ਪਾਬੰਦੀ ਨਹੀਂ ਚਾਹੁੰਦਾ ਹੈ, ਜਾਂ ਜੇ ਜੱਜ ਜਾਂ ਜਸਟਿਸ ਫੈਸਲਾ ਕਰਦਾ ਹੈ ਕਿ ਪਾਬੰਦੀ ਦੀ ਲੋੜ ਨਹੀਂ ਹੈ, ਤਾਂ ਪਾਬੰਦੀ ਦਾ ਆਦੇਸ਼ ਨਹੀਂ ਦਿੱਤਾ ਜਾਂਦਾ ਹੈ।

## ਜੱਜ ਜਾਂ ਜਸਟਿਸ ਪ੍ਰਕਾਸ਼ਨ ‘ਤੇ ਅਖਤਿਆਰੀ ਪਾਬੰਦੀ ਦਾ ਹੁਕਮ ਦੇਣ ਦਾ ਫੈਸਲਾ ਕਿਵੇਂ ਕਰਦਾ ਹੈ?

ਅਜਿਹੇ ਕੇਸਾਂ ਵਿੱਚ ਜਿੱਥੇ ਕਿਸੇ ਪੀੜਤ/ਗਵਾਹ ਜਾਂ ਨਿਆਂ ਪ੍ਰਣਾਲੀ ਦੇ ਭਾਗੀਦਾਰ ਲਈ ਪ੍ਰਕਾਸ਼ਨ ‘ਤੇ ਪਾਬੰਦੀ ਬਾਰੇ ਵਿਚਾਰ ਕੀਤਾ ਜਾ ਰਿਹਾ ਹੈ, ਜੱਜ ਜਾਂ ਜਸਟਿਸ ਉਸ ਵਿਅਕਤੀ ਦੀਆਂ ਇੱਛਾਵਾਂ ‘ਤੇ ਵਿਚਾਰ ਕਰੇਗਾ। ਅਜਿਹੇ ਬਹੁਤ ਸਾਰੇ ਕਾਨੂੰਨੀ ਕਾਰਕ ਵੀ ਹਨ ਜਿਨ੍ਹਾਂ ਨੂੰ ਵਿਚਾਰਿਆ ਜਾਣਾ ਜ਼ਰੂਰੀ ਹੈ, ਜਿਸ ਵਿੱਚ ਸ਼ਾਮਲ ਹਨ:

- ਨਿਰਪੱਖ ਅਤੇ ਜਨਤਕ ਸੁਣਵਾਈ ਦਾ ਅਧਿਕਾਰ
- ਜੇਕਰ ਕੋਈ ਅਸਲ ਅਤੇ ਮਹੱਤਵਪੂਰਨ ਜੋਖਮ ਹੈ ਕਿ ਜੇਕਰ ਉਹਨਾਂ ਦੀ ਪਛਾਣ ਦਾ ਖੁਲਾਸਾ ਕੀਤਾ ਜਾਂਦਾ ਹੈ, ਤਾਂ ਪੀੜਤ, ਗਵਾਹ ਜਾਂ ਨਿਆਂ ਪ੍ਰਣਾਲੀ ਦੇ ਭਾਗੀਦਾਰ ਨੂੰ ਨੁਕਸਾਨ ਪਹੁੰਚਾਇਆ ਜਾਵੇਗਾ
- ਜੇਕਰ ਕਿਸੇ ਪੀੜਤ, ਗਵਾਹ ਜਾਂ ਨਿਆਂ ਪ੍ਰਣਾਲੀ ਦੇ ਭਾਗੀਦਾਰ ਦੀ ਸੁਰੱਖਿਆ ਨੂੰ ਬਚਾਉਣ ਲਈ ਜਾਂ ਉਹਨਾਂ ਨੂੰ ਧਮਕਾਉਣ ਜਾਂ ਬਦਲਾ ਲੈਣ ਤੋਂ ਬਚਾਉਣ ਲਈ ਆਦੇਸ਼ ਦੀ ਲੋੜ ਹੈ
- ਅਪਰਾਧਾਂ ਦੀ ਰਿਪੋਰਟਿੰਗ ਅਤੇ ਅਪਰਾਧਿਕ ਨਿਆਂ ਪ੍ਰਕਿਰਿਆ ਵਿੱਚ ਪੀੜਤਾਂ, ਗਵਾਹਾਂ ਅਤੇ ਨਿਆਂ ਪ੍ਰਣਾਲੀ ਦੇ ਭਾਗੀਦਾਰਾਂ ਦੀ ਭਾਗੀਦਾਰੀ ਨੂੰ ਉਤਸ਼ਾਹਿਤ ਕਰਨ ਵਿੱਚ ਸਮਾਜ ਦਾ ਹਿੱਤ

## ਕੀ ਪ੍ਰਕਾਸ਼ਨ ‘ਤੇ ਪਾਬੰਦੀ ਨੂੰ ਸੋਧਿਆ ਜਾਂ ਰੱਦ ਕੀਤਾ ਜਾ ਸਕਦਾ ਹੈ?

ਪੀੜਤ, ਗਵਾਹ, ਜਾਂ ਨਿਆਂ ਪ੍ਰਣਾਲੀ ਦਾ ਭਾਗੀਦਾਰ ਇਹ ਫੈਸਲਾ ਕਰ ਸਕਦਾ ਹੈ ਕਿ ਉਹ ਹੁਣ ਪ੍ਰਕਾਸ਼ਨ ‘ਤੇ ਪਾਬੰਦੀ ਦਾ ਵਿਸ਼ਾ ਨਹੀਂ ਬਣਨਾ ਚਾਹੁੰਦੇ ਜਾਂ ਉਹ ਚਾਹ ਸਕਦੇ ਹਨ ਕਿ ਕੁਝ ਸ਼ਰਤਾਂ ਨੂੰ ਸੋਧਿਆ ਜਾਏ। ਜੇਕਰ ਅਜਿਹਾ ਹੈ, ਤਾਂ ਉਹਨਾਂ ਨੂੰ ਸਰਕਾਰੀ ਵਕੀਲ ਨੂੰ ਸੂਚਿਤ ਕਰਨਾ ਚਾਹੀਦਾ ਹੈ ਜੋ, ਜਿੰਨੀ ਜਲਦੀ ਹੋ ਸਕੇ, ਉਹਨਾਂ ਦੀ ਤਰਫੋਂ ਅਰਜ਼ੀ ਦਾਖਲ ਕਰੇਗਾ। ਕੁਝ ਕੇਸਾਂ ਵਿੱਚ, ਪੀੜਤ ਜਾਂ ਗਵਾਹ ਉਹਨਾਂ ਲਈ ਪ੍ਰਕਾਸ਼ਨ ‘ਤੇ ਪਾਬੰਦੀ ਨੂੰ ਸੋਧਣ ਜਾਂ ਰੱਦ ਕਰਨ ਵਾਸਤੇ ਅਰਜ਼ੀ ਦੇਣ ਲਈ ਆਪਣੇ ਕਾਨੂੰਨੀ ਪ੍ਰਤੀਨਿਧੀ ਨੂੰ ਰੱਖਣਾ ਚਾਹ ਸਕਦਾ ਹੈ।

ਜੇਕਰ ਅਦਾਲਤ ਦੀ ਰਾਇ ਹੈ ਕਿ ਆਦੇਸ਼ ਨੂੰ ਸੋਧਣ ਜਾਂ ਰੱਦ ਕਰਨ ਨਾਲ ਕਿਸੇ ਪ੍ਰਕਾਸ਼ਨ ‘ਤੇ ਪਾਬੰਦੀ ਦੇ ਆਦੇਸ਼ ਦੇ ਅਧੀਨ ਕਿਸੇ ਹੋਰ ਵਿਅਕਤੀ ਦੇ ਗੋਪਨੀਯਤਾ ਹਿੱਤ ਪ੍ਰਭਾਵਤ ਨਹੀਂ ਹੋਣਗੇ, ਤਾਂ ਉਹਨਾਂ ਨੂੰ ਸੁਣਵਾਈ ਕੀਤੇ ਬਿਨਾਂ ਅਰਜ਼ੀ ਨੂੰ ਮਨਜ਼ੂਰੀ ਦੇਣੀ ਚਾਹੀਦੀ ਹੈ। ਨਹੀਂ ਤਾਂ, ਅਦਾਲਤ ਲਈ ਇਹ ਵਿਚਾਰ ਕਰਨ ਵਾਸਤੇ ਸੁਣਵਾਈ ਕਰਨਾ ਜ਼ਰੂਰੀ ਹੈ ਕਿ ਕੀ ਹੁਕਮ ਨੂੰ ਸੋਧਿਆ ਜਾ ਸਕਦਾ ਹੈ ਜਾਂ ਰੱਦ ਕੀਤਾ ਜਾ ਸਕਦਾ ਹੈ।

## ਪ੍ਰਕਾਸ਼ਨ ‘ਤੇ ਪਾਬੰਦੀ ਨੂੰ ਸੋਧਣ ਜਾਂ ਰੱਦ ਕਰਨ ਦੀ ਪ੍ਰਕਿਰਿਆ ਕੀ ਹੈ?

### ਪ੍ਰਕਾਸ਼ਨ ‘ਤੇ ਪਾਬੰਦੀ ਨੂੰ ਸੋਧਣ ਜਾਂ ਰੱਦ ਕਰਨ ਦੀ ਬੇਨਤੀ ਬਾਰੇ ਅਦਾਲਤ ਨੂੰ ਸੂਚਿਤ ਕਰੋ।

ਜਦੋਂ ਤੱਕ ਅਰਜ਼ੀ ਅਜਿਹੇ ਕਿਸੇ ਹੋਰ ਵਿਅਕਤੀ ਦੇ ਗੋਪਨੀਯਤਾ ਹਿੱਤਾਂ ਨੂੰ ਪ੍ਰਭਾਵਤ ਨਹੀਂ ਕਰਦੀ ਹੈ ਜਿਸਦੀ ਪਛਾਣ ਪ੍ਰਕਾਸ਼ਨ ਪਾਬੰਦੀ ਦੁਆਰਾ ਸੁਰੱਖਿਅਤ ਹੈ, ਪ੍ਰਕਾਸ਼ਨ ਪਾਬੰਦੀ ਨੂੰ ਸੋਧਿਆ ਜਾਂ ਰੱਦ ਕੀਤਾ ਜਾਣਾ ਚਾਹੀਦਾ ਹੈ।

### ਅਦਾਲਤ ਇਸ ਗੱਲ ‘ਤੇ ਵਿਚਾਰ ਕਰਦੀ ਹੈ ਕਿ ਕੀ ਦੂਜੇ ਵਿਅਕਤੀ ਦੇ ਗੋਪਨੀਯਤਾ ਹਿੱਤਾਂ ਦੀ ਰੱਖਿਆ ਕਰਦੇ ਹੋਏ ਆਦੇਸ਼ ਨੂੰ ਸੋਧਣਾ ਜਾਂ ਰੱਦ ਕਰਨਾ ਸੰਭਵ ਹੈ।

ਕਿਸੇ ਵੀ ਸਥਿਤੀ ਵਿੱਚ, ਜੇਕਰ ਪ੍ਰਕਾਸ਼ਨ ‘ਤੇ ਪਾਬੰਦੀ ਨੂੰ ਸੋਧਿਆ ਜਾਂ ਰੱਦ ਕੀਤਾ ਜਾਂਦਾ ਹੈ, ਤਾਂ ਸਰਕਾਰੀ ਵਕੀਲ ਲਈ ਦੋਸ਼ੀ ਨੂੰ ਇਸ ਬਾਰੇ ਸੂਚਿਤ ਕਰਨਾ ਜ਼ਰੂਰੀ ਹੈ।

## ਪ੍ਰਕਾਸ਼ਨ ‘ਤੇ ਪਾਬੰਦੀਆਂ ਵਿੱਚ ਹਾਲ ਹੀ ਵਿੱਚ ਕਿਹੜੀਆਂ ਤਬਦੀਲੀਆਂ ਕੀਤੀਆਂ ਗਈਆਂ ਸਨ?

26 ਅਕਤੂਬਰ, 2023 ਨੂੰ, *ਕ੍ਰਿਮੀਨਲ ਕੋਡ* ਵਿੱਚ ਤਬਦੀਲੀਆਂ ਲਾਗੂ ਹੋਈਆਂ ਜਿੰਨ੍ਹਾਂ ਨੇ ਪੀੜਤਾਂ, ਗਵਾਹਾਂ ਅਤੇ ਨਿਆਂ ਪ੍ਰਣਾਲੀ ਦੇ ਭਾਗੀਦਾਰਾਂ ਲਈ ਪ੍ਰਕਾਸ਼ਨ ‘ਤੇ ਪਾਬੰਦੀ ਦੇ ਪ੍ਰਬੰਧਾਂ ਵਿੱਚ ਸੋਧ ਕੀਤੀ। ਇਹਨਾਂ ਤਬਦੀਲੀਆਂ ਦਾ ਉਦੇਸ਼ ਸੀ:

- ਇਸ ਬਾਰੇ ਪੀੜਤਾਂ ਨਾਲ ਵਧੇਰੇ ਸਿੱਧੀ ਗੱਲਬਾਤ ਦੀ ਲੋੜ ਕਿ ਕੀ ਪ੍ਰਕਾਸ਼ਨ ‘ਤੇ ਪਾਬੰਦੀ ਲਗਾਈ ਜਾਣੀ ਚਾਹੀਦੀ ਹੈ
- ਪੀੜਤਾਂ, ਗਵਾਹਾਂ ਅਤੇ ਨਿਆਂ ਪ੍ਰਣਾਲੀ ਦੇ ਭਾਗੀਦਾਰਾਂ ਨੂੰ ਅਪਰਾਧਿਕ ਨਿਆਂ ਪ੍ਰਕਿਰਿਆ ਵਿੱਚ ਸਪੱਸ਼ਟ ਆਵਾਜ਼ ਪ੍ਰਦਾਨ ਕਰਨਾ ਅਤੇ ਉਨ੍ਹਾਂ ਨਾਲ ਹਮਦਰਦੀ, ਸਤਿਕਾਰ ਅਤੇ ਸਨਮਾਨ ਨਾਲ ਪੇਸ਼ ਆਉਣਾ
- ਪ੍ਰਕਾਸ਼ਨ ‘ਤੇ ਪਾਬੰਦੀਆਂ ਨੂੰ ਸੰਸ਼ੋਧਿਤ ਕਰਨ ਅਤੇ ਰੱਦ ਕਰਨ ਦੀ ਪ੍ਰਕਿਰਿਆ ਵਿੱਚ ਸੁਧਾਰ ਕਰਨਾ ਤਾਂ ਜੋ ਇਸਨੂੰ ਸਪੱਸ਼ਟ ਅਤੇ ਪਾਲਣਾ ਕਰਨ ਵਿੱਚ ਆਸਾਨ ਬਣਾਇਆ ਜਾ ਸਕੇ
- ਸਪੱਸ਼ਟ ਕਰਨਾ ਕਿ ਇੱਕ ਵਿਅਕਤੀ ਜੋ ਪ੍ਰਕਾਸ਼ਨ ‘ਤੇ ਪਾਬੰਦੀ ਦਾ ਵਿਸ਼ਾ ਹੈ, ਨਿੱਜੀ ਗੱਲਬਾਤਾਂ ਵਿੱਚ ਅਤੇ ਸਹਾਇਤਾ ਦੀ ਮੰਗ ਕਰਨ ਲਈ ਸਮੇਤ, ਕੁਝ ਖਾਸ ਹਾਲਤਾਂ ਵਿੱਚ ਆਪਣੀ ਖੁਦ ਦੀ ਜਾਣਕਾਰੀ ਸਾਂਝੀ ਕਰ ਸਕਦਾ ਹੈ
- ਸਪੱਸ਼ਟ ਕਰਨਾ ਕਿ ਕਦੋਂ ਪ੍ਰਕਾਸ਼ਨ ‘ਤੇ ਪਾਬੰਦੀ ਦੀ ਉਲੰਘਣਾ ਲਈ ਮੁਕੱਦਮਾ ਨਹੀਂ ਚੱਲੇਗਾ
- ਪੀੜਤਾਂ, ਗਵਾਹਾਂ ਅਤੇ ਨਿਆਂ ਪ੍ਰਣਾਲੀ ਦੇ ਅਜਿਹੇ ਭਾਗੀਦਾਰਾਂ ਨੂੰ ਸੁਰੱਖਿਆ ਪ੍ਰਦਾਨ ਕਰਨਾ ਜੋ ਪ੍ਰਕਾਸ਼ਨ ‘ਤੇ ਪਾਬੰਦੀ ਨੂੰ ਲਾਗੂ ਰੱਖਣ ਦੀ ਚੋਣ ਕਰਦੇ ਹਨ ਪਰ ਫਿਰ ਵੀ ਆਪਣੀ ਨਿੱਜੀ ਜਾਣਕਾਰੀ ਸਾਂਝੀ ਕਰਨਾ ਚਾਹੁੰਦੇ ਹਨ

ਇਹ ਤਬਦੀਲੀਆਂ ਤੁਰੰਤ ਪ੍ਰਭਾਵ ਵਿੱਚ ਹਨ ਅਤੇ *ਕ੍ਰਿਮੀਨਲ ਕੋਡ* ਦੀਆਂ ਧਾਰਾਵਾਂ 486.4 ਅਤੇ 486.5 ਦੇ ਤਹਿਤ ਜਾਰੀ ਕੀਤੀਆਂ ਗਈਆਂ ਸਾਰੀਆਂ ਪ੍ਰਕਾਸ਼ਨ ‘ਤੇ ਪਾਬੰਦੀਆਂ ‘ਤੇ ਲਾਗੂ ਹੁੰਦੀਆਂ ਹਨ, ਜਿਨ੍ਹਾਂ ਵਿੱਚ ਪਹਿਲਾਂ ਹੀ ਜਾਰੀ ਕੀਤੀਆਂ ਗਈਆਂ ਪ੍ਰਕਾਸ਼ਨ ‘ਤੇ ਪਾਬੰਦੀਆਂ ਸ਼ਾਮਲ ਸਨ।

## ਹੋਰ ਜਾਣਕਾਰੀ ਕਿੱਥੇ ਉਪਲਬਧ ਹੈ?

ਜੇਕਰ ਤੁਸੀਂ ਜਾਂ ਤੁਹਾਡਾ ਕੋਈ ਜਾਣਕਾਰ ਅਪਰਾਧ ਦਾ ਸ਼ਿਕਾਰ ਹੋ, ਤਾਂ ਮਦਦ ਉਪਲਬਧ ਹੈ। ਸਾਰੇ ਸੂਬੇ ਅਤੇ ਪ੍ਰਦੇਸ਼ ਅਪਰਾਧ ਦੇ ਪੀੜਤਾਂ ਲਈ ਸੇਵਾਵਾਂ ਪ੍ਰਦਾਨ ਕਰਦੇ ਹਨ ਅਤੇ ਜੇਕਰ ਤੁਹਾਨੂੰ ਜਾਣਕਾਰੀ ਜਾਂ ਹੋਰ ਸਹਾਇਤਾ ਦੀ ਲੋੜ ਹੋਵੇ ਤਾਂ ਸਹਾਇਤਾ ਪ੍ਰਦਾਨ ਕਰ ਸਕਦੇ ਹਨ। ਵਿਕਟਿਮ ਸਰਵਿਸਿਜ਼ ਡਾਇਰੈਕਟਰੀ ਤੁਹਾਡੇ ਨੇੜੇ ਪੀੜਤ ਸੇਵਾਵਾਂ ਲੱਭਣ ਵਿੱਚ ਤੁਹਾਡੀ ਮਦਦ ਕਰ ਸਕਦੀ ਹੈ।

*ਕਨੇਡੀਅਨ ਵਿਕਟਿਮਜ਼ ਬਿੱਲ ਆਫ ਰਾਈਟਸ* ਦੇ ਤਹਿਤ ਆਪਣੇ ਅਧਿਕਾਰਾਂ ਬਾਰੇ ਹੋਰ ਜਾਣਨ ਲਈ, ਜਾਂ ਸ਼ਿਕਾਇਤ ਦਰਜ ਕਰਾਉਣ ਲਈ, ਆਫਿਸ ਆਫ ਦ ਫੈਡਰਲ ਓਮਬਡਜ਼ਮੈਨ ਫਾਰ ਵਿਕਟਿਮਜ਼ ਆਫ ਕ੍ਰਾਈਮ ਨਾਲ ਸੰਪਰਕ ਕਰੋ।

## ਬੇਦਾਅਵਾ

ਇਸ ਤੱਥ ਪੱਤਰ ਵਿੱਚ ਪੀੜਤਾਂ ਦੇ ਅਧਿਕਾਰਾਂ ਬਾਰੇ ਆਮ ਜਾਣਕਾਰੀ ਸ਼ਾਮਲ ਹੈ। ਇਹ ਜਾਣਕਾਰੀ ਆਮ ਪ੍ਰਕਿਰਤੀ ਦੀ ਹੈ ਅਤੇ ਪੇਸ਼ੇਵਰ ਕਾਨੂੰਨੀ ਸਲਾਹ ਦੇ ਬਦਲ ਵਜੋਂ ਇੱਛਿਤ ਨਹੀਂ ਹੈ। ਕਾਨੂੰਨੀ ਸਲਾਹ ਜਾਂ ਸਹਾਇਤਾ ਲਈ, ਅਸੀਂ ਕਿਸੇ ਵਕੀਲ ਜਾਂ ਕਾਨੂੰਨੀ ਸਹਾਇਤਾ ਪ੍ਰੋਗਰਾਮ ਨਾਲ ਸੰਪਰਕ ਕਰਨ ਦੀ ਸਿਫ਼ਾਰਿਸ਼ ਕਰਦੇ ਹਾਂ।

© ਕੈਨੇਡਾ ਦੇ ਅਧਿਕਾਰ ਵਿੱਚ ਮਹਾਰਾਜਾ, ਜਿੰਨ੍ਹਾਂ ਦੀ ਕੈਨੇਡਾ ਦੇ ਨਿਆਂ ਮੰਤਰੀ ਅਤੇ ਅਟਾਰਨੀ ਜਨਰਲ, ਦੁਆਰਾ ਨੁਮਾਇੰਦਗੀ ਕੀਤੀ ਗਈ, 2025

J2-412/8-2024Pan-PDF
ISBN 978-0-660-79439-6